International Journal of Enhanced Research in Educational Development (IJERED)
ISSN: 2320-8708, Vol. 6 Issue 6, Nov.-Dec., 2018, Impact Factor 3.275

# ਨਾਵਲ 'ਬੰਜਰ ਧਰਤੀ' : ਵਿਸ਼ਵੀਕਰਨ ਦੇ ਦੌਰ 'ਚ ਟੁੱਟ-ਭੱਜ ਰਹੀਆਂ ਕਦਰਾਂ-ਕੀਮਤਾਂ ਦਾ ਬਿਰਤਾਂਤ

**ਡਾ. ਅਮਰਬੀਰ ਕੌਰ**

ਐਸੋਸੀਏਟ ਪ੍ਰੋਫੈਸਰ, ਮਾਤਾ ਸੁੰਦਰੀ ਕਾਲਜ, ਨਵੀਂ ਦਿੱਲੀ-110002

---

'ਬੰਜਰ ਧਰਤੀ', ਬਲਬੀਰ ਪਰਵਾਨਾ ਦਾ ਇਕ ਬਹੁ-ਚਰਚਿਤ ਨਾਵਲ ਹੈ, ਜਿਸ ਦਾ ਪ੍ਰਕਾਸ਼ਨ ਸੰਨ 2017 ਦੇ ਦੌਰਾਨ ਹੋਇਆ। ਇਸ ਨਾਵਲ ਵਿਚ ਸਿਰਜੇ ਗਏ ਬਿਰਤਾਂਤ ਉਪਰ ਟਿੱਪਣੀ ਕਰਨ ਤੋਂ ਪਹਿਲਾਂ, ਇਹ ਜਾਣ ਲੈਣਾ ਜ਼ਰੂਰੀ ਹੈ ਕਿ ਬਲਬੀਰ ਪਰਵਾਨਾ, ਪੰਜਾਬੀ ਦਾ ਇਕ ਚਰਚਿਤ ਗਲਪ-ਲੇਖਕ ਹੈ। ਬੀਤੇ ਸਮੇਂ ਦੇ ਦੌਰਾਨ, ਇਸ ਗਲਪ-ਲੇਖਕ ਦੇ ਨੌਂ ਨਾਵਲ, ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਤ ਹੋਏ ਹਨ, ਜਿਨ੍ਹਾਂ ਦੇ ਸਿਰਲੇਖ ਇਸ ਪ੍ਰਕਾਰ ਹਨ :-

ਨਿੱਕੇ-ਨਿੱਕੇ ਯੁੱਧ; ਆਪਣੇ-ਆਪਣੇ ਮੋਰਚੇ; ਗਹਿਰ ਚੜ੍ਹੀ ਅਸਮਾਨ; ਕਥਾ ਇਸ ਯੁੱਗ ਦੀ; ਅੰਬਰ ਵੱਲ ਉਡਾਣ; ਖੇਤਾਂ ਦਾ ਰੁਦਨ; ਬਹੁਤ ਸਾਰੇ ਚੁਰਸਤੇ; ਸਿਮਟਦਾ ਆਕਾਸ਼ ਅਤੇ ਬੰਜਰ ਧਰਤੀ। ਇਨ੍ਹਾਂ ਸਾਰੇ ਨਾਵਲਾਂ ਦਾ ਪ੍ਰਕਾਸ਼ਨ ਸੰਨ 2008 ਤੋਂ ਲੈ ਕੇ 2017 ਈ. ਦੇ ਅੰਦਰ ਅੰਦਰ ਹੋਇਆ ਹੈ।

ਇਹ ਗੱਲ ਵੱਖਰੀ ਹੈ ਕਿ ਸੰਨ 2001 ਈ. ਦੇ ਦੌਰਾਨ ਵੀ ਉਸਦਾ ਇਕ ਨਾਵਲ 'ਸੁਪਨੇ ਦੇ ਪ੍ਰਛਾਵੇਂ' ਸਿਰਲੇਖ ਹੇਠ ਪ੍ਰਕਾਸ਼ਤ ਹੋਇਆ ਸੀ। ਇਸ ਮਗਰੋਂ, ਇਕ ਲੰਮੇ ਵਕਫ਼ੇ ਪਿੱਛੋਂ, ਉਸਦਾ ਨਾਵਲ ਲਿਖਣ ਦਾ ਰੁਝਾਨ ਬਣਦਾ ਹੈ।

ਜ਼ਿਕਰਯੋਗ ਹੈ ਕਿ ਸੰਨ 2012 ਈ. ਦੇ ਦੌਰਾਨ, ਬਲਬੀਰ ਪਰਵਾਨਾ ਨੇ 'ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ' ਵਿਸ਼ੇ 'ਤੇ, ਇਕ ਪੁਸਤਕ ਦਾ ਸੰਪਾਦਨ ਵੀ ਕੀਤਾ ਸੀ। ਇਸ ਪੁਸਤਕ ਤੋਂ, ਬਲਬੀਰ ਪਰਵਾਨਾ ਦਾ, ਪੰਜਾਬ ਦੇ ਕਿਸਾਨੀ-ਜੀਵਨ ਦੀਆਂ ਸਮੱਸਿਆਵਾਂ ਅਤੇ ਇਸ ਜੀਵਨ ਵਿਚ ਕਾਰਪੋਰੇਟ ਜਗਤ ਦੀ ਦਖ਼ਲਅੰਦਾਜ਼ੀ ਸੰਬੰਧੀ ਨਜ਼ਰੀਆ, ਸਪੱਸ਼ਟ ਹੁੰਦਾ ਨਜ਼ਰ ਆਉਂਦਾ ਹੈ।

ਪੱਤਰਕਾਰੀ ਜਗਤ ਨਾਲ ਜੁੜੇ ਹੋਣ ਕਰਕੇ, ਉਹ ਇਕ ਚੇਤੰਨ ਲੇਖਕ ਹੈ। ਪੰਜਾਬ ਵਿਚ ਦੇਸ਼ ਵਿਚ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਜੋ ਜੋ ਕੁੱਝ ਵਾਪਰ ਰਿਹਾ ਹੈ, ਉਸ ਸੰਬੰਧੀ ਉਸ ਕੋਲ ਭਰਪੂਰ ਸੂਚਨਾ ਹੁੰਦੀ ਹੈ। ਇਸੇ ਸੂਚਨਾ ਨੂੰ, ਆਪਣੀਆਂ ਗਲਪੀ-ਰਚਨਾਵਾਂ ਵਿਚ ਢਾਲਣ ਦੀ, ਉਹ ਪ੍ਰਬਲ ਰੁਚੀ ਰੱਖਦਾ ਪ੍ਰਤੀਤ ਹੁੰਦਾ ਹੈ। ਇਨ੍ਹਾਂ ਨਾਵਲਾਂ ਤੋਂ ਛੁੱਟ ਉਸ ਨੇ, ਪੰਜਾਬੀ ਦੇ ਕਹਾਣੀ-ਜਗਤ ਵਿਚ ਵੀ, ਪ੍ਰਸੰਸਾਯੋਗ ਯੋਗਦਾਨ ਦਿੱਤਾ ਹੈ। ਗਾਥਾ ਇਕ ਪਿੰਡ ਦੀ; ਧੂੰਆਂ; ਅਚਾਨਕ ਸਾਹਮਣੇ; ਸਾਈਨ ਵੈਲਯੂ ਦਾ ਜਲੌਅ ਆਦਿ ਸਿਰਲੇਖਾਂ ਹੇਠ, ਪੰਜਾਬੀ ਵਿਚ ਉਸਦੇ ਕੁੱਝ ਕਹਾਣੀ-ਸੰਗ੍ਰਹਿ ਵੀ, ਸਾਹਮਣੇ ਆਏ। ਵਿਸ਼ਵੀਕਰਨ ਦੇ ਦੌਰ ਵਿਚ ਟੁੱਟ-ਭੱਜ ਰਹੀਆਂ, ਮਨੁੱਖੀ ਕਦਰਾਂ-ਕੀਮਤਾਂ ਅਤੇ ਇਨ੍ਹਾਂ ਵਿਚ ਹੋ ਰਹੇ ਪਤਨ ਨੂੰ ਉਸ ਨੇ, ਆਪਣੀਆਂ ਕਹਾਣੀਆਂ ਵਿਚ ਵੀ ਪੇਸ਼ ਕੀਤਾ ਹੈ। ਸੰਨ 1982 ਈ. ਵਿਚ, ਬਲਬੀਰ ਪਰਵਾਨਾ ਦੀ ਪਹਿਲੀ ਸਾਹਿਤਕ-ਕਿਰਤ, 'ਜੰਗ ਜਾਰੀ ਹੈ' ਸਿਰਲੇਖ ਹੇਠ ਪ੍ਰਕਾਸ਼ਤ ਹੋਈ ਸੀ। ਮਗਰੋਂ, ਸੰਨ 1984 ਦੇ ਦੌਰਾਨ, ਉਸ ਦਾ ਕਾਵਿ-ਸੰਗ੍ਰਹਿ 'ਉਹਨਾਂ ਨੇ ਆਖਿਆ ਸੀ' ਪ੍ਰਕਾਸ਼ਤ ਹੋਇਆ ਸੀ। ਧੁੱਪ ਦੀਆਂ ਭੇੜਾਂ; ਪਲਕਾਂ 'ਚ ਤੈਰਦੇ ਪਲ; ਇੰਤਹਾ ਤੋਂ ਪਹਿਲਾਂ; ਵਰਜਣਾ ਤੋਂ ਪਾਰ; ਵਾ-ਵਰੋਲਿਆਂ 'ਚ ਘਿਰੀ ਹੋਂਦ ਆਦਿ ਉਸਦੇ ਕਾਵਿ-ਸੰਗ੍ਰਹਿ, ਭਿੰਨ ਭਿੰਨ ਸਮਿਆਂ ਵਿਚ ਪ੍ਰਕਾਸ਼ਤ ਹੋ ਕੇ, ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਇਸ ਸਭ ਕੁੱਝ ਦਾ ਜ਼ਿਕਰ ਕਰਨ ਦਾ ਮਕ਼ਸਦ ਸਿਰਫ਼ ਇੰਨਾ ਹੈ ਕਿ ਬਲਬੀਰ ਪਰਵਾਨਾ, ਇਕ ਸਮਰਪਿਤ ਭਾਵਨਾ ਵਾਲਾ, ਪੰਜਾਬੀ-ਲੇਖਕ ਹੈ। ਸਿਰਫ਼ ਸਮਰਪਿਤ ਭਾਵਨਾ ਵਾਲਾ ਹੀ ਨਹੀਂ, ਸਗੋਂ ਦ੍ਰਿਸ਼ਟੀ-ਸੰਪੰਨ ਲੇਖਕ ਵੀ ਹੈ।

ਇੱਥੇ ਅਸੀਂ, ਬਲਬੀਰ ਪਰਵਾਨਾ ਦੇ ਨਾਵਲ 'ਬੰਜਰ ਧਰਤੀ' ਨੂੰ ਹੀ, ਚਰਚਾ ਦਾ ਵਿਸ਼ਾ ਬਣਾਉਣ ਬਾਰੇ ਸੋਚਿਆ ਹੈ। ਜ਼ਿਕਰਯੋਗ ਹੈ ਕਿ ਜਿਸ ਦੌਰ 'ਚੋਂ ਦੀ ਅਸੀਂ ਗੁਜ਼ਰ ਰਹੇ ਹਾਂ, ਉਹ ਮੂਲ ਰੂਪ ਵਿਚ, 'ਵਿਸ਼ਵੀਕਰਨ' ਦਾ ਦੌਰ ਹੈ। ਅੰਗਰੇਜ਼ੀ ਭਾਸ਼ਾ 'ਚ ਇਸ ਲਈ, 'ਗਲੋਬਲਾਈਜੇਸ਼ਨ' ਸ਼ਬਦ ਉਪਲਬਧ ਹੈ। ਕਈ ਵੇਰਾਂ ਇਸ ਸ਼ਬਦ ਲਈ, ਪੰਜਾਬੀ ਵਿਚ 'ਭੂਮੰਡਲੀਕਰਨ' ਸ਼ਬਦ ਵੀ ਵਰਤਿਆ ਜਾਂਦਾ ਹੈ। ਖ਼ੈਰ ! 'ਵਿਸ਼ਵੀਕਰਨ' ਦੀ, ਸੰਕਲਪ ਦੀ ਪੱਧਰ 'ਤੇ ਵਿਆਖਿਆ ਕਰਨ ਵਿਚ, ਮਿਥ-ਵਿਗਿਆਨੀ ਡਾ. ਮਨਜੀਤ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਹੈ। ਇਸ ਸੰਬੰਧ ਵਿਚ, ਵਿਸ਼ੇਸ਼ ਤੌਰ 'ਤੇ, ਉਨ੍ਹਾਂ ਦੀ ਸਮੀਖਿਆ-ਪੁਸਤਕ 'ਵਿਸ਼ਵੀਕਰਨ : ਸਾਹਿਤਕ ਪ੍ਰਤਿਉੱਤਰ' (ਆਰਸੀ ਪਬਲਿਸ਼ਰਜ਼, ਦਿੱਲੀ, 2009) ਦਾ ਜ਼ਿਕਰ ਕਰਨਾ ਬਣਦਾ ਹੈ। ਕਿਉਂਕਿ, ਹੱਥਲੇ ਖੋਜ-ਪੱਤਰ 'ਚ ਅਸੀਂ, ਬਲਬੀਰ ਪਰਵਾਨਾ ਦੇ ਬਹੁ-ਚਰਚਿਤ ਨਾਵਲ 'ਬੰਜਰ ਧਰਤੀ' ਵਿਚ ਪੇਸ਼ ਹੋਏ, ਵਿਸ਼ਵੀਕਰਨ ਦੇ ਦੌਰ 'ਚ ਮਨੁੱਖੀ ਕਦਰਾਂ-ਕੀਮਤਾਂ ਵਿਚ ਹੋਈ ਟੁੱਟ-ਭੱਜ ਉਪਰ ਚਰਚਾ ਕਰਨੀ ਹੈ, ਇਸ ਲਈ, 'ਵਿਸ਼ਵੀਕਰਨ' ਦੇ ਸੰਕਲਪ ਨੂੰ ਪਹਿਲਾਂ ਸਮਝਣਾ ਜ਼ਰੂਰੀ ਹੈ। ਡਾ. ਮਨਜੀਤ ਸਿੰਘ ਦੇ ਕਹਿਣ ਮੁਤਾਬਕ :-

> "'ਵਿਸ਼ਵੀਕਰਨ' ਦੀ ਪ੍ਰਕਿਰਿਆ 'ਚੋਂ ਉਸਦੀ 'ਉਪਭੋਗਤਾਵਾਦੀ ਮਾਨਸਿਕਤਾ ਤੇ ਕਲਚਰ' ਨੂੰ ਮੈਂ ਇਕ ਥਾਂ, 'ਐੱਲ.ਪੀ.ਜੀ. ਕਲਚਰ' ਦਾ ਨਾਂ ਦਿੱਤਾ ਸੀ। 'ਐੱਲ' ਤੋਂ ਭਾਵ, Liberalization ਜਾਂ 'ਉਦਾਰੀਕਰਨ', 'ਪੀ' ਤੋਂ ਭਾਵ, Privatization ਜਾਂ 'ਨਿੱਜੀਕਰਨ' ਅਤੇ 'ਜੀ' ਤੋਂ ਭਾਵ, Globalization ਜਾਂ 'ਵਿਸ਼ਵੀਕਰਨ' ਹੈ। 'ਤੀਜੇ ਸੰਸਾਰ' ਦੇ ਹੋਰ ਦੇਸ਼ਾਂ ਦੀ ਤਰ੍ਹਾਂ, ਭਾਰਤ ਵਿਚ ਵੀ ਇਹ 'ਐੱਲ.ਪੀ.ਜੀ. ਕਲਚਰ', ਆਪਣੇ ਪ੍ਰਚੰਡ ਰੂਪ ਵਿਚ ਵਿਕਸਤ ਹੋ ਰਿਹਾ ਹੈ।"[1]

(ਪੰਨਾ : 22)

ਇੱਥੇ ਹੀ ਬਸ ਨਹੀਂ, ਖੁੱਲ੍ਹੀ ਆਰਥਕਤਾ, ਖੁੱਲ੍ਹੀ ਸਮਾਜਿਕਤਾ, ਖੁੱਲ੍ਹੀ ਨੈਤਿਕਤਾ ਅਤੇ ਖੁੱਲ੍ਹੇ ਫ਼ਲਸਫ਼ੇ ਨੂੰ ਵੀ, ਡਾ. ਮਨਜੀਤ ਸਿੰਘ ਨੇ, ਵਿਸ਼ਵੀਕਰਨ ਦੇ ਮੁੱਢਲੇ ਲੱਛਣ ਮੰਨਿਆ ਹੈ। ਕਰਿਸ ਸਾਰਕਰ ਦੀ ਪੁਸਤਕ 'ਕਲਚਰ ਸਟੱਡੀਜ਼ : ਥੀਉਰੀ ਐਂਡ ਪਰੈੱਕਟਿਸ' ਦੇ ਹਵਾਲੇ ਨਾਲ, ਉਨ੍ਹਾਂ ਨੇ ਵਿਸ਼ਵੀਕਰਨ ਨੂੰ, 'ਉੱਤਰ-ਬਸਤੀਵਾਦ' ਅਤੇ 'ਉੱਤਰ-ਪੂੰਜੀਵਾਦ' ਦਾ ਹੀ ਰੂਪ ਮੰਨਿਆ ਹੈ। ਇਸ ਸੰਕਲਪ ਨੇ, ਸਾਡੀ ਦਰਜ਼-ਏ-ਜ਼ਿੰਦਗੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਹਰ ਸ਼ੈ ਨੂੰ, ਮੰਡੀ ਜਾਂ ਬਾਜ਼ਾਰ ਦੀ ਵਸਤੂ ਬਣਾ ਦੇਣਾ, ਇਸ ਸੰਕਲਪ ਦਾ ਅਹਿਮ ਪ੍ਰਯੋਜਨ ਮੰਨਿਆ ਜਾਂਦਾ ਹੈ। ਇਸ ਸੰਬੰਧ ਵਿਚ ਡਾ. ਮਨਜੀਤ ਸਿੰਘ ਦਾ ਇਹ ਕਹਿਣਾ ਕਾਫ਼ੀ ਹੱਦ ਤੱਕ ਦਰੁਸਤ ਹੈ ਕਿ ਇਸ 'ਵਿਬਵੀਕਰਨ' ਦੇ ਵਰਤਾਰੇ ਨੇ, ਜਿੱਥੇ ਸਾਡੀ ਜ਼ਿੰਦਗੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ, ਉੱਥੇ ਸਾਡੇ ਸਾਹਿਤ-ਸਭਿਆਚਾਰ ਨੂੰ ਵੀ ਪੂਰੀ ਤਰ੍ਹਾਂ ਅਸਰਦਾਰ ਕੀਤਾ ਹੈ। ਕਿਉਂਕਿ, ਹਰ ਭਾਸ਼ਾ ਦੇ ਸਾਹਿਤ ਦੀਆਂ ਜੜ੍ਹਾਂ, ਸੰਬੰਧਤ ਸਾਹਿਤ-ਸਭਿਆਚਾਰ ਵਿਚ ਹੀ ਹੁੰਦੀਆਂ ਹਨ। ਇਸ ਲਈ ਇਸ ਨੂੰ ਸੰਬੰਧਤ ਸਾਹਿਤ-ਸਭਿਆਚਾਰ ਨਾਲੋਂ ਤੋੜ ਕੇ, ਨਹੀਂ ਵੇਖਿਆ ਜਾ ਸਕਦਾ। ਬਲਬੀਰ ਪਰਵਾਨਾ ਦਾ ਨਾਵਲ 'ਬੰਜਰ ਧਰਤੀ' ਨੂੰ ਵੀ ਅਸੀਂ, ਇਸੇ ਦ੍ਰਿਸ਼ਟੀ ਤੋਂ ਚਰਚਾ ਦਾ ਵਿਸ਼ਾ ਬਣਾਵਾਂਗੇ।

ਇਸ ਸੰਬਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ 'ਬੰਜਰ ਧਰਤੀ' ਨਾਵਲ, ਪੰਜਾਬੀ ਸਮਾਜ ਤੇ ਸਭਿਆਚਾਰ ਵਿਚ, ਪੂਰੀ ਤਰ੍ਹਾਂ ਜੜ੍ਹਿਤ ਹੈ। ਪਰ, ਯਾਦ ਰਹੇ ਕਿ ਪੰਜਾਬੀ ਸਭਿਆਚਾਰ, ਸਿਰਫ਼ ਇਹੀ ਮਾਤਰ ਨਹੀਂ। ਇਸ ਦੇ ਹੋਰ ਵੀ ਕਈ ਆਯਾਮ (ਡਾਈਮੈਂਨਸ਼ਨਜ਼) ਹਨ, ਜਿਨ੍ਹਾਂ ਨੂੰ ਇੱਥੇ ਚਰਚਾ ਦਾ ਵਿਸ਼ਾ ਨਹੀਂ ਬਣਾਇਆ ਗਿਆ। ਸਿਧਾਂਤ ਦੀ ਪੱਧਰ 'ਤੇ ਪੰਜਾਬੀ ਕਦਰਾਂ-ਕੀਮਤਾਂ, ਉਂਝ ਹੀ ਮੌਜੂਦ ਹਨ। ਫ਼ਰਕ ਸਿਰਫ਼, ਵਿਸ਼ਵੀਕਰਨ ਦੇ ਦੌਰ ਸਦਕਾ, ਉਨ੍ਹਾਂ ਦੇ 'ਵਿਹਾਰਕ ਪੱਖ' (ਪਰੈਕਟੀਕਲ ਆਸਪੈੱਕਟ) ਉਪਰ ਪਿਆ ਹੈ। ਸਾਨੂੰ ਇਹ ਕਹਿਣ ਵਿਚ ਕੋਈ ਸੰਕੋਚ ਮਹਿਸੂਸ ਨਹੀਂ ਹੋ ਰਿਹਾ ਕਿ ਪੰਜਾਬੀ ਸਮਾਜ ਤੇ ਸਭਿਆਚਾਰ, ਬੁਨਿਆਦੀ ਤੌਰ 'ਤੇ, ਸ਼ਕਤੀਸ਼ਾਲੀ ਤੇ ਸਿਹਤਮੰਦ ਕਦਰਾਂ ਤੇ ਕੀਮਤਾਂ ਨਾਲ ਓਤ ਪੋਤ ਹੈ। ਇਸ ਦਾ ਆਪਣਾ ਹੀ ਇਕ ਜਲਵਾ ਹੈ, ਜਿਸ ਦਾ ਭਰਪੂਰ ਦੀਦਾਰ ਸਾਨੂੰ ਇਸ ਨਾਵਲ 'ਚੋਂ ਨਹੀਂ ਹੁੰਦਾ। ਵਿਸ਼ਵੀਕਰਨ ਦੇ ਪ੍ਰਭਾਵਾਂ ਸਦਕਾ, ਨਾਵਲ ਵਿਚਲੇ ਪਾਤਰਾਂ ਦੇ

1. ਡਾ. ਮਨਜੀਤ ਸਿੰਘ, ਵਿਸ਼ਵੀਕਰਨ ਸਾਹਿਤਕ ਪ੍ਰਤਿਉਤਰ, ਪੰਨਾ 22

ਕਿਰਦਾਰ ਡਿੱਗਦੇ ਦੇਖੇ ਜਾਂਦੇ ਹਨ, ਉਨ੍ਹਾਂ ਦੀ ਜੀਵਨ-ਜਾਚ ਬਦਲਦੀ ਹੈ ਅਤੇ ਉਨ੍ਹਾਂ ਦੀ ਜੀਵਨ-ਸ਼ੈਲੀ ਵਿਚ ਜ਼ਬਰਦਸਤ ਪਰਿਵਰਤਨ ਵਾਪਰਦ ਵੇਖਿਆ ਜਾਂਦਾ ਹੇ। ਇਸ ਸਾਰੇ ਵਰਤਾਰੇ ਦੇ ਪਿਛੋਕੜ ਵਿਚ, ਉਨ੍ਹਾਂ ਦਾ ਨਿੱਜੀ ਸਵਾਰਥ ਕਾਰਜਸ਼ੀਲ ਹੋਇਆ ਵੇਖਿਆ ਜਾਂਦਾ ਹੈ। ਨਾਵਲ ਦੇ ਪਾਤਰ, ਪੰਜਾਬੀ ਸਭਿਆਚਾਰ ਦੀਆਂ ਸਾਥਾਪਤ ਕਦਰਾਂ-ਕੀਮਤਾਂ ਨੂੰ ਉਲੰਘਦੇ ਹੋਇਆਂ, ਕਾਮ-ਸੰਬੰਧਾਂ ਵਿਚ ਬੱਝਦੇ ਵੇਖੇ ਜਾਂਦੇ ਹਨ। ਇਸ ਨੂੰ, ਪੰਜਾਬੀ ਸਭਿਆਚਾਰ ਦੀ ਸਹੀ ਤਸਵੀਰਕਸ਼ੀ ਨਹੀਂ ਕਿਹਾ ਜਾ ਸਕਦਾ। ਮਸਲਨ, ਨਾਵਲ 'ਬੰਜਰ ਧਰਤੀ' ਵਿਚਲੇ ਪਾਤਰ ਬਲਵੰਤ ਨੂੰ ਹੀ ਲਉ। ਬਲਵੰਤ ਤੇ ਲਵਲੀਨ, ਸ਼ੁਰੂ ਵਿਚ ਇਕ-ਦੂਜੇ ਨਾਲ ਰਹਿੰਦੇ ਵੇਖੇ ਜਾਂਦੇ ਹਨ। ਪਰ, ਮਗਰੋਂ ਬਲਵੰਤ ਨਾਂ ਦਾ ਪਾਤਰ, ਰਾਜਬੀਰ ਨਾਲ ਪ੍ਰੇਮ-ਸੰਬੰਧਾਂ ਵਿਚ ਬੱਝਦਾ ਵੇਖਿਆ ਜਾਂਦਾ ਹੈ। ਠੀਕ ਇਸੇ ਤਰ੍ਹਾਂ, ਬਲਜੀਤ ਨਾਂ ਦੀ ਪਾਤਰ, ਪਹਿਲਾਂ ਇਕ ਬੱਸ ਡਰਾਈਵਰ ਨਾਲ, ਫਿਰ ਡਾ. ਠਾਕੁਰ ਨਾਲ ਅਤੇ ਪਿੱਛੋਂ ਸੁਖਬੀਰ ਨਾਂ ਦੇ ਪਾਤਰ ਨਾਲ ਕਾਮ-ਸੰਬੰਧ ਸਥਾਪਤ ਕਰਦੀ ਵੇਖੀ ਜਾਂਦੀ ਹੈ। ਬਲਦੇਵ ਦੀ ਮਾਂ ਮਿੰਦੋ, ਆਪਣੇ ਪਤੀ ਤਾਰੇ ਦੇ ਹੁੰਦਿਆਂ ਵੀ, ਆਪਣੇ ਦਿਉਰ ਸੱਤੇ ਨਾਲ, ਕਾਮ-ਸੰਬੰਧ ਬਣਾਉਂਦੀ ਵੇਖੀ ਜਾਂਦੀ ਹੈ। ਉਸ ਦੇ (ਸੱਤੇ ਦੇ) ਵਿਦੇਸ਼ ਚਲੇ ਜਾਣ ਮਗਰੋਂ, ਉਹ ਰਾਮੂ ਨਾਂ ਦੇ ਇਕ ਭਈਏ (ਨੌਕਰ) ਨਾਲ ਹਮ-ਬਿਸਤਰ ਹੁੰਦੀ ਵੇਖੀ ਜਾਂਦੀ ਹੈ। ਬੇਸ਼ਰਮੀ ਦੀ ਹੱਦ ਤਾਂ ਉਦੋਂ ਟੱਪੀ ਜਾਂਦੀ ਹੈ, ਜਦੋਂ ਇਕ ਰਾਤ ਨੂੰ ਮਿੰਦੋ, ਬਲਜੀਤ ਨੂੰ ਇਕ ਅਲੱਗ ਕਮਰੇ ਵਿਚ ਛੱਡਕੇ, ਆਪ ਸੱਤੇ ਦੇ ਕਮਰੇ ਵਿਚ ਵੜ ਜਾਂਦੀ ਹੈ। ਇੱਥੋਂ ਤੱਕ ਕਿ ਉਹ (ਮਿੰਦੋ), ਸੱਤੇ ਦੇ ਨਾਲ, ਇਹ ਗੁਪਤ ਗੱਲ ਵੀ ਸਾਂਝੀ ਕਰ ਦੇਂਦੀ ਹੈ ਕਿ ਬਲਵੰਤ ਤੇ ਬਲਜੀਤ, ਅਸਲ ਵਿਚ ਦੋਵੇਂ ਉਸੇ ਦੀ ਹੀ ਔਲਾਦ ਹਨ। ਇਸੇ ਤਰ੍ਹਾਂ, ਨਾਵਲ ਦੇ ਹੋਰ ਪਾਤਰ ਵੀ ਸ਼ਰਮ ਹਯਾ ਨੂੰ ਛਿੱਕੇ ਟੰਗ ਕੇ, ਆਪਣੇ ਸਭਿਆਚਾਰ ਦੀਆਂ ਸਥਾਪਤ ਕਦਰਾਂ-ਕੀਮਤਾਂ ਨੂੰ ਤੋੜਦੇ ਵੇਖੇ ਜਾਂਦੇ ਹਨ। ਉਨ੍ਹਾਂ ਸਭ ਦਾ ਜ਼ਿਕਰ ਕਰਨਾ ਠੀਕ ਨਹੀਂ ਜਾਪਦਾ। ਸੰਕੇਤ ਮਾਤਰ, ਇੰਨਾ ਕੁ ਜ਼ਿਕਰ ਕਰ ਦੇਣਾ ਹੀ ਕਾਫ਼ੀ ਹੈ। ਡਾ. ਮਨਜੀਤ ਸਿੰਘ ਦੇ ਸ਼ਬਦਾਂ ਵਿਚ ਇਹ ਪਾਤਰ, ਆਪਣੀ 'ਤਰਜ਼-ਏ-ਜ਼ਿੰਦਗੀ' ਨੂੰ, 'ਮਿਆਰ-ਏ-ਜ਼ਿੰਦਗੀ' ਵਿਚ ਤਬਦੀਲ ਕਰਦੇ ਵੇਖੇ ਜਾਂਦੇ ਹਨ।

ਵਰਣਨਯੋਗ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵਾਂ ਸਦਕਾ ਇਹ ਅਨਾਚਾਰ, ਸਿਰਫ਼ ਮਨੁੱਖੀ-ਰਿਸ਼ਤਿਆਂ ਵਿਚ ਹੀ ਫੈਲਿਆ ਨਜ਼ਰ ਨਹੀਂ ਆਉਂਦਾ, ਸਗੋਂ ਮਨੁੱਖੀ-ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਾ ਵੇਖਿਆ ਜਾਂਦਾ ਹੈ। ਇਹ ਸਭ ਕੁੱਝ, ਵਿਸ਼ਵੀਕਰਨ ਦੇ 'ਖੁੱਲ੍ਹ ਦੇ ਸੰਕਲਪ' ਸਦਕਾ ਹੁੰਦਾ ਵੇਖਿਆ ਜਾਂਦਾ ਹੈ। ਮਨੁੱਖੀ-ਰਿਸ਼ਤਿਆਂ ਦੀ ਪਾਕੀਜ਼ਗੀ ਖ਼ਤਮ ਹੁੰਦੀ ਹੈ ਅਤੇ ਅਨੈਤਿਕਤਾ ਦਾ ਦੌਰ ਹੋਂਦ ਵਿਚ ਆਉਂਦਾ ਹੈ। 'ਪ੍ਰੇਮ-ਸੰਬੰਧਾਂ' ਵਾਲਾ ਪਵਿੱਤਰ ਰਿਸ਼ਤਾ ਵੀ, ਬਾਜ਼ਾਰ ਜਾਂ ਮੰਡੀ ਦੀ ਵਸਤੂ ਬਣ ਕੇ, ਆਪਣੀ ਹੋਂਦ ਨੂੰ ਜਤਾਉਂਦਾ ਵੇਖਿਆ ਜਾਂਦਾ ਹੈ। ਵਿਸ਼ਵੀਕਰਨ ਰਾਹੀਂ; ਪੱਛਮੀ ਸੰਸਕ੍ਰਿਤੀ, ਨਾਵਲ ਦੇ ਪਾਤਰਾਂ ਦੀ ਜੀਵਨ-ਜਾਚ ਦਾ ਅੰਗ ਬਣਦੀ ਹੈ। ਪਿੰਡ ਦੇ ਸਰਪੰਚ ਤੋਂ ਲੈ ਕੇ, ਐੱਮ.ਐੱਲ.ਏ. ਤੱਕ ਦੀ ਰਾਜਨੀਤੀ, ਇਸ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋਈ ਵੇਖੀ ਜਾਂਦੀ ਹੈ। ਇਸ ਦੇ ਜ਼ਰੀਏ, ਸਾਡੇ ਸਮਾਜ ਵਿਚ ਫੈਲਿਆ ਸਿਆਸੀ-ਨਿਘਾਰ, ਸਾਹਮਣੇ ਆਉਂਦਾ ਹੈ। 'ਬੰਜਰ ਧਰਤੀ' ਨਾਵਲ ਦੇ ਲਗਭਗ ਸਾਰੇ ਪਾਤਰ ਰਾਮੂ, ਰਾਜਬੀਰ, ਬਲਵੰਤ, ਬਲਜੀਤ, ਮਿੰਦੋ, ਤੇਜਿੰਦਰਪਾਲ ਆਦਿ, ਭੋਗਵਾਦੀ ਪ੍ਰਵਿਰਤੀ ਦੀ ਜਕੜ ਵਿਚ ਹਨ। ਪੂੰਜੀਵਾਦੀ ਤੇ ਸਰਮਾਏਦਾਰੀ ਸ਼ਕਤੀਆਂ ਦੁਆਰਾ ਕੀਤਾ ਜਾ ਰਿਹਾ ਮਨੁੱਖੀ-ਸ਼ੋਸ਼ਣ, ਉਜਾਗਰ ਹੁੰਦਾ ਹੈ। ਜਿਵੇਂ ਕਿ ਪਹਿਲਾਂ ਵੀ ਸੰਕੇਤ-ਮਾਤਰ ਜ਼ਿਕਰ ਕੀਤਾ ਗਿਆ ਹੈ ਕਿ ਇਸ ਨਾਵਲ ਦਾ ਲੇਖਕ ਬਲਬੀਰ ਪਰਵਾਨਾ, ਇਕ ਪੱਤਰਕਾਰ ਹੋਣ ਦੇ ਨਾਤੇ, ਸਮਾਜ ਦੇ ਲਗਭਗ ਹਰ ਵਰਤਾਰੇ ਨੂੰ ਬਾਖ਼ੂਬੀ ਸਮਝਦਾ ਹੈ। ਕਿਸਾਨੀ-ਜੀਵਨ ਵਿਚ, ਕਾਰਪੋਰੇਟ-ਜਗਤ ਦੀ ਦਖ਼ਲ-ਅੰਦਾਜ਼ੀ ਨੂੰ ਉਹ ਬਾਖ਼ੂਬੀ ਸਮਝਦਾ ਹੈ। ਇਸ 'ਚੋਂ ਨਿਕਲਣ ਵਾਲੇ ਸਿੱਟਿਆਂ ਤੋਂ, ਉਹ ਪੂਰੀ ਤਰ੍ਹਾਂ ਸੁਚੇਤ ਹੈ। ਮਸਲਨ, 'ਬੰਜਰ ਧਰਤੀ' ਨਾਵਲ ਦੀ ਭੂਮਿਕਾ ਵਿਚਲੇ, ਉਸਦੇ ਇਨ੍ਹਾਂ ਸ਼ਬਦਾਂ ਨੂੰ ਹੀ ਲਉ :-

> "ਕਾਰਪੋਰੇਟ ਵਰਤਾਰਾ, ਅੱਜ ਪੰਜਾਬ ਦੀ ਮੰਡੀ ਵਿਚ ਹਾਵੀ ਹੀ ਨਹੀਂ ਹੋ ਗਿਆ, ਸਗੋਂ ਇਸ ਦੇ ਰਹਿਣ-ਸਹਿਣ ਅਤੇ ਸਭਿਆਚਾਰ ਦੀ ਦਿਸ਼ਾ ਵੀ ਨਿਰਧਾਰਿਤ ਕਰ ਰਿਹਾ ਹੈ। ਵਿਰੋਧਾਭਾਸ ਇਹ ਵੀ ਹੈ ਕਿ ਅਸੀਂ, ਇਕ ਕੌਮ ਵਜੋਂ, ਜਿਸ ਮੋੜ 'ਤੇ ਆਣ ਖੜ੍ਹੇ ਹੋਏ ਹਾਂ, ਇੱਥੇ ਨਾ ਪੁਰਾਣੀਆਂ ਰਵਾਇਤਾਂ-ਪਰੰਪਰਾਵਾਂ
>
> ਬਚੀਆਂ ਹਨ ਤੇ ਨਾ ਹੀ, ਮੰਡੀ ਵਾਲੀ ਨੈਤਿਕਤਾ ਹੀ ਉਸਰ ਸਕੀ। ...... ਇਹ "ਪਾਪ ਦੀ ਜੰਞ", ਕੋਈ ਕਾਬੁਲ ਤੋਂ ਲੈ ਕੇ ਨਹੀਂ ਆਇਆ, ਸਗੋਂ ਇਸ ਦਾ ਸੂਤਰਧਾਰ, ਬਹੁ-ਕੌਮੀ ਕਾਰਪੋਰੇਸ਼ਨਾਂ ਹਨ।"[1]

('ਬੰਜਰ ਧਰਤੀ' ਭੂਮਿਕਾ, ਪੰਨਾ : 6)

ਬਲਬੀਰ ਪਰਵਾਨਾ ਦੇ ਕਥਨ ਤੋਂ ਸਪੱਸ਼ਟ ਹੈ ਕਿ ਕਿਵੇਂ, ਬਹੁ-ਕੌਮੀ ਕਾਰਪੋਰੇਸ਼ਨਾਂ, ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਹੋੜ ਵਿਚ ਲੱਗੀਆਂ ਹੋਈਆਂ ਹਨ। ਇਸ ਹੋੜ ਦਾ, ਮਨੁੱਖੀ-ਜੀਵਨ ਦੇ ਲਗਭਗ ਹਰ ਖੇਤਰ ਉੱਤੇ, ਪ੍ਰਭਾਵ ਪ੍ਰਤੱਖ ਹੈ। ਧਾਰਮਕ, ਆਰਥਕ, ਸਿਆਸੀ, ਸਮਾਜਕ ਤੇ ਨੈਤਿਕਤਾ ਆਦਿ ’ਚੋਂ ਕੋਈ ਵੀ ਖੇਤਰ, ਇਸ ਵਿਸ਼ਵੀਕਰਨ ਦੇ ਪ੍ਰਭਾਵਾਂ ਤੋਂ ਬਚ ਨਹੀਂ ਸਕਿਆ। ਅਸੀਂ, ਬਲਬੀਰ ਪਰਵਾਨਾ ਦੇ ਅਜਿਹੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਪਰ, ਉਸ ਦੁਆਰਾ, ਇਸ ਨਾਵਲ (‘ਬੰਜਰ ਧਰਤੀ’) ਵਿਚ ਪੇਸ਼ ਕੀਤੇ ਗਏ, ਪੰਜਾਬੀ ਸਭਿਆਚਾਰ ਦੇ ਬਿੰਬ ਨਾਲ ਸਹਿਮਤੀ ਨਹੀਂ ਰਖਦੇ। ਇਹ ਠੀਕ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵਾਂ ਸਦਕਾ, ਪੰਜਾਬੀ-ਜੀਵਨ ਦੀਆਂ ਕਦਰਾਂ-ਕੀਮਤਾਂ ਵਿਚ ਪਰਿਵਰਤਨ ਆਇਆ ਹੈ। ਪਰ, ਇਹ ਸਾਰਾ ਪਰਿਵਰਤਨ ਸਤਹੀ ਪੱਧਰ ’ਤੇ ਵਾਪਰਦਾ ਵੇਖਿਆ ਜਾਂਦਾ ਹੈ। ‘ਡੂੰਘ ਸੰਰਚਨਾ’ ਦੀ ਪੱਧਰ ’ਤੇ ਨਹੀਂ। ਪੰਜਾਬੀ-ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਇੰਨੀਆਂ ਕਮਜ਼ੋਰ ਨਹੀਂ ਹਨ ਕਿ ਸਾਰਾ ਹੀ ਆਵਾ ਊਤ ਹੋ ਗਿਐ। “ਪੰਜਾਬ ਜੀਊਂਦਾ ਗੁਰਾਂ ਦੇ ਨਾਂ ਤੇ” ਪ੍ਰੋ. ਪੂਰਨ ਸਿੰਘ ਦੀ ਇਸ ਕਾਵਿ-ਪੰਕਤੀ ਨੂੰ ਯਾਦ ਰਖਣਾ ਚਾਹੀਦਾ ਹੈ। ਗੁਰਾਂ, ਪੀਰਾਂ, ਫ਼ਕੀਰਾਂ ਤੇ ਭਗਤਾਂ ਨੇ, ਆਪਣੇ ਕਲਿਆਣਕਾਰੀ-ਵਿਚਾਰਾਂ ਨਾਲ, ਇਸ ਖਿੱਤੇ ਦੀ ਧਰਤੀ ਨੂੰ ਸਿੰਜਿਆ ਹੈ। ਅਜਿਹੀਆਂ ਸਥਿਰ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਜਨਮ ਦਿੱਤਾ ਹੈ ਕਿ ਉਨ੍ਹਾਂ ਦੇ ਬਦਲ ਅੱਜ ਤੱਕ ਸਾਡੇ ਕੋਲ ਮੌਜੂਦ ਨਹੀਂ ਹਨ। ਸੋ, ਕਿਹਾ ਜਾ ਸਕਦਾ ਹੈ ਕਿ ‘ਬੰਜਰ ਧਰਤੀ’ ਨਾਵਲ ਵਿਚ, ਪੰਜਾਬੀ ਸਭਿਆਚਾਰ ਦਾ, ਜੋ ਬਿੰਬ ਪੇਸ਼ ਕੀਤਾ ਗਿਆ ਹੈ, ਉਹ ਅਧੂਰਾ ਹੈ। ਇਹ ਧਰਤੀ, ਅਜੇ ਇੰਨੀ ਬੰਜਰ ਨਹੀਂ ਹੋਈ। ਇਸ ਦੇ ਜ਼ਰਖ਼ੇਜ਼ ਹੋਣ ’ਤੇ ਸਾਨੂੰ ਪੂਰਾ ਮਾਣ ਹੈ।

1. ਪਰਵਾਨਾ, ਬਲਬੀਰ, ਬੰਜਰ ਧਰਤੀ, ਪੰਨਾ 6

## ਹਵਾਲੇ

1. ਪਰਵਾਨਾ, ਬਲਬੀਰ, ਬੰਜਰ ਧਰਤੀ, 2017, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
2. ਬਹਾਦਰ, ਰਜਨੀਸ਼ (ਡਾ.), ਸੰਪਾਦਕ, ਬਲਬੀਰ ਪਰਵਾਨਾ ਦਾ ਕਿਰਸਾਣੀ ਵਰਤਾਰਾ, 2017, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
3. ਪਰਵਾਨਾ, ਬਲਬੀਰ, ਸੰਪਾਦਕ, ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ, 2012, ਪੰਜ ਆਬ ਪ੍ਰਕਾਸ਼ਨ, ਜਲੰਧਰ
4. ਫ਼ਰੈਂਕ, ਗੁਰਬਖ਼ਸ਼ ਸਿੰਘ (ਡਾ.), ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, 2017, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ
5. ਰਾਹੀ, ਜੋਗਿੰਦਰ ਸਿੰਘ (ਡਾ.), ਮਸਲੇ ਗਲਪ ਦੇ, 1992, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ
6. ਖਹਿਰਾ, ਭੁਪਿੰਦਰ ਸਿੰਘ (ਡਾ.), ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ, 2013, ਪੈਪਸੂ ਬੁੱਕ ਡਿਪੂ, ਪਟਿਆਲਾ